Ministry of
Health and Family Welfare
Goverment of India

myGOV
मेरी सरकार



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




**ਪ੍ਰ: ਪਾਤਰ ਲਾਭਾਰਥੀਆਂ ਦੇ ਰਜਿਸਟ੍ਰੇਸ਼ਨ ਦੇ ਲਈ ਕਿਹੜੇ ਦਸਤਾਵੇਜ਼ ਜ਼ਰੂਰੀ ਹਨ?**

**ਉ:** ਰਜਿਸਟ੍ਰੇਸ਼ਨ ਦੇ ਸਮੇਂ ਫੋਟੋ ਦੇ ਨਾਲ ਨਿਮਨ ਲਿਖਤ ਪਹਿਚਾਣ ਪੱਤਰਾਂ ਵਿੱਚੋਂ ਕੁਝ ਵੀ ਦਿਖਾਇਆ ਜਾ ਸਕਦਾ ਹੈ:

- ਆਧਾਰ/ਡ੍ਰਾਈਵਿੰਗ ਲਾਇਸੈਂਸ/ਵੋਟਰ ਆਈਡੀ/ਪੈਨ ਕਾਰਡ/ਪਾਸਪੋਰਟ/ਜੌਬ ਕਾਰਡ ਪੈਨਸ਼ਨ ਦਸਤਾਵੇਜ਼
- ਸਿਹਤ ਮੰਤਰਾਲੇ ਦੀ ਯੋਜਨਾ ਦੇ ਤਹਿਤ ਜਾਰੀ ਸਿਹਤ ਬੀਮਾ ਸਮਾਰਟ ਕਾਰਡ
- ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜਗਾਰ ਯੋਜਨਾ ਗਰੰਟੀ ਕਾਰਡ (ਮਨਰੇਗਾ)
- ਸਾਂਸਦਾਂ/ਵਿਧਾਇਕਾਂ/ਐੱਮਐੱਲਸੀ ਨੂੰ ਜਾਰੀ ਕੀਤੇ ਗਏ ਸਰਕਾਰੀ ਪਹਿਚਾਣ ਪੱਤਰ
- ਬੈਂਕ/ਪੋਸਟ ਆਫਿਸ ਦੁਆਰਾ ਜਾਰੀ ਪਾਸਬੁੱਕ
- ਕੇਂਦਰ/ਰਾਜ ਸਰਕਾਰ/ਪਬਲਿਕ ਲਿਮਿਟਿਡ ਕੰਪਨੀਆਂ ਦੁਆਰਾ ਜਾਰੀ ਸੇਵਾ ਆਈਡੀ ਕਾਰਡ

Ministry of
Health and Family Welfare
Goverment of India

myGOV
मेरी सरकार



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




**ਪ੍ਰ: ਕੀ ਕੋਈ ਵਿਅਕਤੀ ਬਿਨਾ ਰਜਿਸਟ੍ਰੇਸ਼ਨ ਦੇ ਕੋਰੋਨਾ ਵੈਕਸੀਨ ਪ੍ਰਾਪਤ ਕਰ ਸਕਦਾ ਹੈ?**

**ਉ:** ਨਹੀਂ, ਕੋਰੋਨਾ ਵੈਕਸੀਨੇਸ਼ਨ ਦੇ ਲਈ ਰਜਿਸਟ੍ਰੇਸ਼ਨ ਲਾਜ਼ਮੀ ਹੈ। ਰਜਿਸਟ੍ਰੇਸ਼ਨ ਦੇ ਬਾਅਦ ਹੀ ਸੈਸ਼ਨ ਸਥਲ ਅਤੇ ਸਮੇਂ ਦੀ ਜਾਣਾਕਰੀ ਸਾਂਝੀ ਕੀਤੀ ਜਾਵੇਗੀ

**ਪ੍ਰ: ਜੇਕਰ ਕੋਈ ਵਿਅਕਤੀ ਸਥਲ ‘ਤੇ ਫੋਟੋ ਆਈਡੀ ਦਿਖਾਉਣ ਵਿੱਚ ਅਸਮਰੱਥ ਹੈ ਤਾਂ ਕੀ ਉਸ ਨੂੰ ਵੈਕਸੀਨ ਲਗਾਇਆ ਜਾਵੇਗਾ?**

**ਉ:** ਫੋਟੋ ਆਈਡੀ ਰਜਿਸਟ੍ਰੇਸ਼ਨ ਸਥਲ ‘ਤੇ ਰਜਿਸਟ੍ਰੇਸ਼ਨ ਅਤੇ ਵੈਰੀਫਿਕੇਸ਼ਨ ਦੋਹਾਂ ਦੇ ਲਈ ਜ਼ਰੂਰੀ ਹੈ, ਤਾਕਿ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਇਛੁੱਕ ਵਿਅਕਤੀ ਨੂੰ ਵੈਕਸੀਨ ਲਗਾਇਆ ਗਿਆ ਹੈ

Ministry of
Health and Family Welfare
Goverment of India

my GOV
मेरी सरकार

# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




**ਪ੍ਰ:** **ਵੈਕਸੀਨੇਸ਼ਨ ਦੀ ਨਿਸ਼ਚਿਤ ਮਿਤੀ ਬਾਰੇ ਲਾਭਾਰਥੀ ਨੂੰ ਜਾਣਕਾਰੀ ਕਿਵੇਂ ਮਿਲੇਗੀ?**

**ੳ:** ਔਨਲਾਈਨ ਰਜਿਸਟ੍ਰੇਸ਼ਨ ਦੇ ਬਾਅਦ ਲਾਭਾਰਥੀ ਨੂੰ ਵੈਕਸੀਨੇਸ਼ਨ ਦੀ ਨਿਸ਼ਚਿਤ ਮਿਤੀ, ਸਥਾਨ ਅਤੇ ਸਮੇਂ ਬਾਰੇ ਆਪਣੇ ਮੋਬਾਈਲ ਨੰਬਰ 'ਤੇ ਐੱਸਐੱਮਐੱਸ ਪ੍ਰਾਪਤ ਹੋਵੇਗਾ

**ਪ੍ਰ:** **ਕੀ ਲਾਭਾਰਥੀਆਂ ਨੂੰ ਵੈਕਸੀਨੇਸ਼ਨ ਪੂਰਾ ਹੋਣ ਦੇ ਬਾਅਦ ਉਨ੍ਹਾਂ ਦੀ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ?**

**ੳ:** ਹਾਂ। ਕੋਰੋਨਾ ਵੈਕਸੀਨ ਦੀ ਉਚਿਤ ਖੁਰਾਕ ਮਿਲਣ 'ਤੇ, ਲਾਭਾਰਥੀ ਨੂੰ ਆਪਣੇ ਮੋਬਾਈਲ ਨੰਬਰ 'ਤੇ ਐੱਸਐੱਮਐੱਸ ਪ੍ਰਾਪਤ ਹੋਵੇਗਾ। ਵੈਕਸੀਨ ਦੀਆਂ ਸਾਰੀਆਂ ਖੁਰਾਕਾਂ ਦੇਣ ਦੇ ਬਾਅਦ, ਇੱਕ ਕਿਊਆਰ ਕੋਡ-ਅਧਾਰਿਤ ਸਰਟੀਫਿਕੇਟ ਵੀ ਉਨ੍ਹਾਂ ਦੇ ਨੰਬਰ 'ਤੇ ਭੇਜਿਆ ਜਾਵੇਗਾ

Ministry of
Health and Family Welfare
Goverment of India

my GOV
मेरी सरकार



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




**ਪ੍ਰ: ਕੀ ਕੋਈ ਨਿਵਾਰਕ ਉਪਾਅ ਅਤੇ ਸਾਵਧਾਨੀਆਂ ਹਨ ਜਿਨ੍ਹਾਂ ਦੀ ਸਥਲ ‘ਤੇ ਪਾਲਣਾ ਕਰਨ ਦੀ ਜ਼ਰੂਰਤ ਹੋਵੇਗੀ?**

**ਉ:**

- ਕੋਰੋਨਾ ਵੈਕਸੀਨ ਲੈਣ ਦੇ ਬਾਅਦ ਤੁਹਾਨੂੰ ਘੱਟ ਤੋਂ ਘੱਟ ਅੱਧੇ ਘੰਟੇ ਤੱਕ ਵੈਕਸੀਨ ਕੇਂਦਰ ਵਿੱਚ ਆਰਾਮ ਕਰਨਾ ਚਾਹੀਦਾ ਹੈ
- ਜੇਕਰ ਤੁਹਾਨੂੰ ਬਾਅਦ ਵਿੱਚ ਕੋਈ ਅਸੁਵਿਧਾ ਜਾਂ ਬੇਚੈਨੀ ਮਹਿਸੂਸ ਹੁੰਦੀ ਹੈ, ਤਾਂ ਨੇੜਲੇ ਸਿਹਤ ਅਧਿਕਾਰੀਆਂ/ਏਐੱਨਐੱਮ/ਆਸ਼ਾ ਨੂੰ ਸੂਚਿਤ ਕਰੋ
- ਕੋਰੋਨਾ ਅਨੁਰੂਪ ਵਿਵਹਾਰਾਂ ਦਾ ਪਾਲਨ ਯਾਦ ਰੱਖੋ, ਜਿਵੇਂ ਕਿ ਮਾਸਕ ਪਹਿਨਣਾ, ਹੱਥਾਂ ਦੀ ਸਫਾਈ ਅਤੇ ਸਰੀਰਕ ਦੂਰੀ ਨੂੰ ਬਣਾਈ ਰੱਖਣਾ (6 ਫੁੱਟ ਜਾਂ ਦੋ ਗਜ)

Ministry of
Health and Family Welfare
Goverment of India

myGOV
मेरी सरकार

# ਕੋਰੋਨਾ ਵੈਕਸੀਨ ਨਾਲ ਸਬੰਧਿਤ ਮਹੱਤਵਪੂਰਨ ਸਵਾਲ




## ਪ੍ਰ: ਕੋਰੋਨਾ ਵੈਕਸੀਨ ਦੇ ਸਾਈਡ ਇਫੈਕਟਸ ਬਾਰੇ ਕੀ?

**ਉ:**

- ਸੁਰੱਖਿਆ ਸਿੱਧ ਹੋਣ 'ਤੇ ਹੀ ਕੋਰੋਨਾ ਵੈਕਸੀਨ ਦਾ ਉਪਯੋਗ ਕੀਤਾ ਜਾਵੇਗਾ
- ਜਿਵੇਂ ਕੀ ਹੋਰ ਵੈਕਸੀਨ ਦੇ ਨਾਲ ਹੁੰਦਾ ਹੈ ਕੁਝ ਵਿਅਕਤੀਆਂ ਵਿੱਚ ਆਮ ਸਾਈਡ ਇਫੈਕਟਸ, ਹਲਕਾ ਬੁਖਾਰ, ਦਰਦ ਆਦਿ ਹੋ ਸਕਦਾ ਹੈ।
- ਰਾਜਾਂ ਨੂੰ ਕੋਰੋਨਾ ਵੈਕਸੀਨ ਨਾਲ ਸਬੰਧਿਤ ਕਿਸੇ ਵੀ ਸਾਈਡ ਇਫੈਕਟਸ ਨਾਲ ਨਿਪਟਣ ਦੇ ਲਈ ਵਿਵਸਥਾ ਸ਼ੁਰੂ ਕਰਨ ਲਈ ਕਿਹਾ ਗਿਆ ਹੈ

Ministry of
Health and Family Welfare
Goverment of India

myGOV
मेरी सरकार



# ਕੋਰੋਨਾ ਵੈਕਸੀਨ ਨਾਲ ਸਬੰਧਿਤ ਮਹੱਤਵਪੂਰਨ ਸਵਾਲ




## ਪ੍ਰ: ਜੇਕਰ ਕੋਈ ਕੈਂਸਰ, ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਆਦਿ ਜਿਹੀਆਂ ਬਿਮਾਰੀਆਂ ਦੀ ਦਵਾਈ ਲੈ ਰਿਹਾ ਹੈ, ਤਾਂ ਕੀ ਉਹ ਕੋਰੋਨਾ ਵੈਕਸੀਨ ਲੈ ਸਕਦਾ ਹੈ?

**ਉ:** ਹਾਂ। ਇਨ੍ਹਾਂ ਵਿੱਚੋਂ ਇੱਕ ਜਾਂ ਇੱਕ ਤੋਂ ਅਧਿਕ ਪਰਿਸਥਿਤੀਆਂ ਵਾਲੇ ਵਿਅਕਤੀਆਂ ਨੂੰ ਇੱਕ ਉੱਚ ਜੋਖਮ ਵਾਲੀ ਸ਼੍ਰੇਣੀ ਮੰਨਿਆ ਜਾਂਦਾ ਹੈ। ਉਨ੍ਹਾਂ ਨੂੰ ਕੋਰੋਨਾ ਵੈਕਸੀਨੇਸ਼ਨ ਕਰਵਾਉਣ ਦੀ ਜ਼ਰੂਰਤ ਹੈ

## ਪ੍ਰ: ਕੀ ਹੈਲਥਕੇਅਰ ਪ੍ਰੋਵਾਈਡਰਸ ਅਤੇ ਫਰੰਟਲਾਈਨ ਵਰਕਰਾਂ ਦੇ ਪਰਿਵਾਰਾਂ ਨੂੰ ਵੀ ਵੈਕਸੀਨ ਦਿੱਤਾ ਜਾਵੇਗਾ?

**ਉ:** ਸ਼ੁਰੂਆਤੀ ਪੜਾਅ ਵਿੱਚ ਸੀਮਿਤ ਵੈਕਸੀਨ ਦੀ ਸਪਲਾਈ ਦੇ ਕਾਰਨ, ਇਸ ਨੂੰ ਪਹਿਲਾਂ ਪ੍ਰਾਥਮਿਕਤਾ ਵਾਲੇ ਸਮੂਹਾਂ ਵਿੱਚ ਲੋਕਾਂ ਨੂੰ ਪ੍ਰਦਾਨ ਕੀਤਾ ਜਾਵੇਗਾ। ਬਾਅਦ ਦੇ ਪੜਾਵਾਂ ਵਿੱਚ, ਵੈਕਸੀਨ ਹੋਰ ਸਾਰਿਆਂ ਨੂੰ ਉਪਲਬਧ ਕਰਵਾਇਆ ਜਾਵੇਗਾ

Ministry of
Health and Family Welfare
Goverment of India



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




## ਪ੍ਰ: ਵੈਕਸੀਨ ਦੀ ਕਿੰਨੀ ਖੁਰਾਕ ਕਿਸ ਅੰਤਰਾਲ ‘ਤੇ ਲੈਣੀ ਹੋਵੇਗੀ?

**ਉ:** ਵੈਕਸੀਨੇਸ਼ਨ ਪੂਰਾ ਕਰਨ ਦੇ ਲਈ 28 ਦਿਨ ਦੇ ਅੰਦਰ ਇੱਕ ਵਿਅਕਤੀ ਦੁਆਰਾ ਵੈਕਸੀਨੇਸ਼ਨ ਦੀਆਂ 2 ਖੁਰਾਕਾਂ ਲਈਆਂ ਜਾਣੀਆਂ ਚਾਹੀਦੀਆਂ ਹਨ

## ਪ੍ਰ: ਖੁਰਾਕ ਲੈਣ ਦੇ ਬਾਅਦ ਐਂਟੀਬੌਡੀ ਕਦੋਂ ਵਿਕਸਿਤ ਹੋਵੇਗੀ?

**ਉ:** ਕੋਰੋਨਾ ਵੈਕਸੀਨ ਦੀ ਦੂਸਰੀ ਖੁਰਾਕ ਪ੍ਰਾਪਤ ਕਰਨ ਦੇ ਦੋ ਹਫਤਿਆਂ ਬਾਅਦ ਆਮ ਤੌਰ ‘ਤੇ ਐਂਟੀਬੌਡੀ ਦਾ ਸੁਰੱਖਿਆਤਮਕ ਪੱਧਰ ਵਿਕਸਿਤ ਹੁੰਦਾ ਹੈ

Ministry of
Health and Family Welfare
Goverment of India

myGOV
मेरी सरकार

# ਕੋਰੋਨਾ ਵੈਕਸੀਨ ਨਾਲ ਸਬੰਧਿਤ ਮਹੱਤਵਪੂਰਨ ਸਵਾਲ






## ਪ੍ਰ: ਕੀ ਕੋਰੋਨਾ ਦੀ ਵੈਕਸੀਨ ਸਭ ਨੂੰ ਇਕੱਠੇ ਦਿੱਤੀ ਜਾਵੇਗੀ?

**ਉ:** ਸਰਕਾਰ ਨੇ ਉੱਚ ਜੋਖਮ ਵਾਲੇ ਸਮੂਹਾਂ ਦੀ ਪ੍ਰਾਥਮਿਕਤਾ 'ਤੇ ਵੈਕਸੀਨੇਸ਼ਨ ਦੇ ਲਈ ਸ਼ਨਾਖਤ ਕੀਤੀ ਹੈ

- ਪਹਿਲੇ ਸਮੂਹ ਵਿੱਚ ਹੈਲਥਕੇਅਰ ਅਤੇ ਫਰੰਟਲਾਈਨ ਵਰਕਰ ਸ਼ਾਮਲ ਹਨ
- ਦੂਸਰੇ ਸਮੂਹ ਵਿੱਚ 50 ਸਾਲ ਤੋਂ ਅਧਿਕ ਉਮਰ ਦੇ ਵਿਅਕਤੀ ਤੇ ਉਹ ਲੋਕ ਜੋ ਪਹਿਲਾਂ ਤੋਂ ਹੀ ਕਿਸੇ ਰੋਗ ਤੋਂ ਗ੍ਰਸਤ ਹਨ
- ਇਸ ਦੇ ਬਾਅਦ ਵੈਕਸੀਨ ਨੂੰ ਹੋਰ ਸਾਰੇ ਜ਼ਰੂਰਤਮੰਦਾਂ ਨੂੰ ਉਪਲਬਧ ਕਰਵਾਇਆ ਜਾਵੇਗਾ

Ministry of
Health and Family Welfare
Goverment of India

my GOV
मेरी सरकार



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




## ਪ੍ਰ: ਕੀ ਇਹ ਵੈਕਸੀਨ ਸੁਰੱਖਿਅਤ ਹੋਵੇਗੀ ਕਿਉਂਕਿ ਇਸ ਨੂੰ ਬਹੁਤ ਘੱਟ ਸਮੇਂ ਵਿੱਚ ਬਣਾਇਆ ਗਿਆ ਹੈ?

**ਉ:** ਸੁਰੱਖਿਆ ਅਤੇ ਪ੍ਰਭਾਵ ਦੇ ਡੇਟਾ ਦੀ ਜਾਂਚ ਦੇ ਅਧਾਰ 'ਤੇ ਪ੍ਰਵਾਨਗੀ ਦੇ ਬਾਅਦ ਹੀ ਰੈਗੂਲੇਟਰੀ ਸੰਸਥਾਵਾਂ ਦੁਆਰਾ ਵੈਕਸੀਨ ਲਗਾਈ ਜਾਵੇਗੀ

## ਪ੍ਰ: ਕੀ ਵੈਕਸੀਨ ਲੈਣਾ ਲਾਜ਼ਮੀ ਹੈ?

**ਉ:** ਕੋਰੋਨਾ ਦੇ ਲਈ ਵੈਕਸੀਨੇਸ਼ਨ ਸਵੈ-ਇੱਛੁਕ ਹੈ

ਹਾਲਾਂਕਿ ਆਪਣੀ ਸੁਰੱਖਿਆ ਅਤੇ ਬਿਮਾਰੀ ਦੇ ਪ੍ਰਸਾਰ ਨੂੰ ਸੀਮਿਤ ਕਰਨ ਦੇ ਲਈ ਕੋਰੋਨਾ ਵੈਕਸੀਨ ਦੀ ਪੂਰੀ ਖੁਰਾਕ ਜ਼ਰੂਰੀ ਹੈ।

Ministry of
Health and Family Welfare
Goverment of India

मेरी सरकार



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




## ਪ੍ਰ: ਕੀ ਕੋਰੋਨਾ ਤੋਂ ਠੀਕ ਹੋਏ ਵਿਅਕਤੀ ਨੂੰ ਵੀ ਵੈਕਸੀਨ ਲੈਣਾ ਜ਼ਰੂਰੀ ਹੈ?

**ਉ:** ਪਹਿਲਾਂ ਤੋਂ ਸੰਕ੍ਰਮਿਤ ਹੋਣ ਦੇ ਬਾਅਦ ਵੈਕਸੀਨ ਦੀ ਪੂਰੀ ਖੁਰਾਕ ਲੈਣਾ ਜ਼ਰੂਰੀ ਹੈ ਕਿਉਂਕਿ ਇਹ ਇੱਕ ਮਜ਼ਬੂਤ ਪ੍ਰਤੀਕਿਰਿਆ ਤੰਤਰ ਵਿਕਸਿਤ ਕਰਨ ਵਿੱਚ ਮਦਦ ਕਰੇਗਾ

## ਪ੍ਰ: ਕੀ ਕੋਰੋਨਾ (ਪੁਸ਼ਟੀ ਕੀਤੇ/ਸ਼ੱਕੀ) ਸੰਕ੍ਰਮਿਤ ਵਿਅਕਤੀ ਨੂੰ ਵੀ ਵੈਕਸੀਨ ਲਗਾਇਆ ਜਾ ਸਕਦਾ ਹੈ?

**ਉ:** ਸੰਕ੍ਰਮਿਤ ਵਿਅਕਤੀਆਂ ਵਿੱਚ ਕੋਰੋਨਾ ਦੇ ਲੱਛਣ ਖਤਮ ਹੋਣ ਦੇ 14 ਦਿਨ ਬਾਅਦ ਤੱਕ ਵੈਕਸੀਨੇਸ਼ਨ ਸਥਗਿਤ ਕਰਨਾ ਚਾਹੀਦਾ ਹੈ ਕਿਉਂਕਿ ਉਹ ਵੈਕਸੀਨੇਸ਼ਨ ਸਥਲ 'ਤੇ ਦੂਸਰਿਆਂ ਵਿੱਚ ਵਾਇਰਸ ਫੈਲਾਉਣ ਦਾ ਜੋਖਮ ਵਧਾ ਸਕਦੇ ਹਨ



# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




**ਪ੍ਰ:** **ਉਪਲਬਧ ਕਈ ਵੈਕਸੀਨਾਂ ਵਿੱਚੋਂ ਪ੍ਰਸ਼ਾਸਨ ਦੇ ਲਈ ਇੱਕ ਜਾਂ ਇੱਕ ਤੋਂ ਅਧਿਕ ਵੈਕਸੀਨ ਕਿਵੇਂ ਚੁਣੀਏ ?**

**ਉ:** ਲਾਇਸੈਂਸ ਦੇਣ ਤੋਂ ਪਹਿਲਾਂ ਡ੍ਰੱਗ ਰੈਗੂਲੇਟਰ ਦੁਆਰਾ ਵੈਕਸੀਨ ਉਮੀਦਵਾਰਾਂ ਦੇ ਨੈਦਾਨਿਕ ਟੈਸਟਾਂ ਨਾਲ ਸੁਰੱਖਿਆ ਅਤੇ ਪ੍ਰਭਾਵਕਾਰਿਤਾ ਡੇਟਾ ਦੀ ਜਾਂਚ ਕੀਤੀ ਜਾਂਦੀ ਹੈ। ਇਸ ਲਈ ਸਾਰੇ ਲਾਇਸੈਂਸ ਪ੍ਰਾਪਤ ਕੋਰੋਨਾ ਵੈਕਸੀਨ ਸੁਰੱਖਿਅਤ ਅਤੇ ਪ੍ਰਭਾਵਕਾਰੀ ਹੋਣਗੇ

ਹਾਲਾਂਕਿ ਇਹ ਸੁਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਪੂਰੀ ਸੂਚੀ ਕੇਵਲ ਇੱਕ ਪ੍ਰਕਾਰ ਦੇ ਵੈਕਸੀਨ ਨਾਲ ਪੂਰੀ ਹੁੰਦੀ ਹੈ ਕਿਉਂਕਿ ਵਿਭਿੰਨ ਵੈਕਸੀਨਾਂ ਇੰਟਰਚੇਂਜੇਬਲ ਨਹੀਂ ਹਨ

Ministry of
Health and Family Welfare
Goverment of India

# ਕੋਰੋਨਾ ਵੈਕਸੀਨ
## ਨਾਲ ਸਬੰਧਿਤ
# ਮਹੱਤਵਪੂਰਨ ਸਵਾਲ




**ਪ੍ਰ:** **ਕੀ ਭਾਰਤ ਵਿੱਚ ਕੋਰੋਨਾ ਵੈਕਸੀਨ ਨੂੰ +2 ਤੋਂ +8°C 'ਤੇ ਸਟੋਰ ਕਰਨ ਅਤੇ ਉਨ੍ਹਾਂ ਨੂੰ ਜ਼ਰੂਰੀ ਤਾਪਮਾਨ 'ਤੇ ਟਰਾਂਸਪੋਰਟ ਕਰਨ ਦੀ ਸਮਰੱਥਾ ਹੈ?**

**ਉ:** ਭਾਰਤ ਦੁਨੀਆ ਦੇ ਸਭ ਤੋਂ ਵੱਡੇ ਟੀਕਾਕਰਨ ਪ੍ਰੋਗਰਾਮਾਂ ਵਿੱਚੋਂ ਇੱਕ ਚਲਾਉਂਦਾ ਹੈ, ਜੋ 2.6 ਕਰੋੜ ਤੋਂ ਅਧਿਕ ਨਵਜਾਤ ਸ਼ਿਸ਼ੂਆਂ ਅਤੇ 1 ਕਰੋੜ ਤੋਂ ਅਧਿਕ ਮਹਿਲਾਵਾਂ ਦੇ ਵੈਕਸੀਨੇਸ਼ਨ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ

ਦੇਸ਼ ਦੀ ਵੱਡੀ ਅਤੇ ਵਿਵਿਧ ਆਬਾਦੀ ਦੀਆਂ ਜ਼ਰੂਰਤਾਂ ਪ੍ਰਭਾਵੀ ਢੰਗ ਨਾਲ ਪੂਰਾ ਕਰਨ ਦੇ ਲਈ ਪ੍ਰੋਗਰਾਮ ਤੰਤਰ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ

Ministry of
Health and Family Welfare
Goverment of India

myGOV
मेरी सरकार

# ਕੋਰੋਨਾ ਵੈਕਸੀਨ ਨਾਲ ਸਬੰਧਿਤ ਮਹੱਤਵਪੂਰਨ ਸਵਾਲ






**ਪ੍ਰ: ਕੀ ਭਾਰਤ ਵਿੱਚ ਇਸਤੇਮਾਲ ਕੀਤੇ ਜਾਣ ਵਾਲਾ ਵੈਕਸੀਨ ਉਤਨਾ ਹੀ ਪ੍ਰਭਾਵੀ ਹੋਵੇਗਾ ਜਿਤਨਾ ਦੂਸਰੇ ਦੇਸ਼ਾਂ ਵਿੱਚ ਸ਼ੁਰੂ ਕੀਤਾ ਗਿਆ?**

ਉ: ਹਾਂ। ਭਾਰਤ ਵਿੱਚ ਸ਼ੁਰੂ ਕੀਤੀ ਗਈ ਕੋਰੋਨਾ ਵੈਕਸੀਨ ਉਤਨੀ ਹੀ ਪ੍ਰਭਾਵੀ ਹੋਵੇਗੀ ਜਿਤਨੀ ਹੋਰ ਦੇਸ਼ਾਂ ਦੁਆਰਾ ਵਿਕਸਿਤ ਵੈਕਸੀਨ ਕਿਉਂਕਿ ਵੈਕਸੀਨ ਟ੍ਰਾਇਲ ਦੇ ਵੱਖ-ਵੱਖ ਪੜਾਵਾਂ ਵਿੱਚ ਇਸ ਦੀ ਸੁਰੱਖਿਆ ਅਤੇ ਪ੍ਰਭਾਵਕਾਰਿਤਾ ਸੁਨਿਸ਼ਚਿਤ ਕੀਤੀ ਜਾਂਦੀ ਹੈ

**ਪ੍ਰ: ਅਗਰ ਮੈਂ ਵੈਕਸੀਨੇਸ਼ਨ ਦੇ ਲਈ ਯੋਗ ਹਾਂ ਤਾਂ ਮੈਨੂੰ ਪਤਾ ਕਿਵੇਂ ਚਲੇਗਾ?**

ਉ: ਪਾਤਰ ਲਾਭਾਰਥੀਆਂ ਨੂੰ ਉਨ੍ਹਾਂ ਦੇ ਰਜਿਸਟਰਡ ਮੋਬਾਈਲ ਨੰਬਰ ਦੇ ਮਾਧਿਅਮ ਨਾਲ ਵੈਕਸੀਨੇਸ਼ਨ ਅਤੇ ਉਸ ਦੇ ਨਿਰਧਾਰਿਤ ਸਮੇਂ ਬਾਰੇ ਸਿਹਤ ਸੇਵਾਵਾਂ ਦੁਆਰਾ ਸੂਚਿਤ ਕੀਤਾ ਜਾਵੇਗਾ